# ਕਾਨੂੰਨੀ ਸਮਰੱਥਾ, ਫੈਸਲੇ ਕਰਨਾ ਅਤੇ ਸਰਪ੍ਰਸਤੀ ਅੰਤਰਮਿ ਰਪਿੋਰਟ



ਜਦੋਂ ਇੱਕ ਵਅਿਕਤੀ ਸੁਤੰਤਰਤਾ ਨਾਲ ਇੱਕ ਲੁੜੀਂਦਾ ਫੈਸਲਾ ਕਰਨ ਦੇ ਕਾਬਲ ਨਹੀਂ ਹੁੰਦਾ, ਉਦਹਾਰਣ ਲਈ, ਬੀਮਾਰੀ ਜਾਂ ਅਪੰਗਤਾ ਕਰਕੇ, ਓਨਟਾਰਓਿ ਦਾ ਕਾਨੂੰਨ ਇੱਕ "ਸਬਸਟੀਟਯੂਟ", ਆਮਤੌਰ ਕੇ ਪਰਵਿਾਰ ਦੇ ਕਸਿੇ ਸਦੱਸ ਨੂੰ ਉਸ ਵਅਿਕਤੀ ਵਲੋਂ ਉਹ ਫੈਸਲਾ ਕਰਨ ਲਈ ਨਯਿੁਕਤ ਕੀਤੇ ਜਾਣ ਦੀ ਇਜਾਜ਼ਤ ਦੰਿਦਾ ਹੈ। ਕਉਿਂਕ ਿਅਜਹਿਾ ਕਰਨਾ ਇੱਕ ਵਅਿਕਤੀ ਕੋਲੋਂ ਫੈਸਲਾ ਕਰਨ ਦਾ ਹੱਕ ਲੈ ਲੈਂਦਾ ਹੈ, ਇਹ ਚੁੱਕਣ ਲਈ ਇੱਕ ਗੰਭੀਰ ਕਦਮ ਹੈ।

## ਕਾਨੂੰਨ ਬਾਰੇ ਮੂਲ ਤੱਥ

ਇੱਕ ਵਕਿਲਪਕ ਿਫੈਸਲਾ ਕਰਨ ਵਾਲੇ ਨੂੰ ਨਯਿੁਕਤ ਕੀਤਾ ਜਾ ਸਕਦਾ ਹੈ ਜਥਿੇ ਇੱਕ ਵਅਿਕਤੀ ਲੁੜੀਂਦੇ ਫੈਸਲੇ ਲਈ ਪ੍ਰਸੰਗਕ ਜਾਣਕਾਰੀ ਨਹੀਂ ਸਮਝਦਾ, ਜਾਂ ਫੈਸਲੇ ਦੇ ਨਤੀਜੀਆਂ ਨੂੰ ਸਮਝਣ ਦੇ ਕਾਬਲ ਨਹੀਂ ਹੁੰਦਾ।

ਵਕਿਲਪਕ ਿਫੈਸਲਾ ਕਰਨ ਵਾਲਆਿਂ ਨੂੰ ਇੰਨਾਂ ਬਾਰੇ ਫੈਸਲੇ ਕਰਨ ਲਈ ਨਯਿੁਕਤ ਕੀਤਾ ਜਾ ਸਕਦਾ ਹੈ:

- ਸਹਿਤ, ਦੰਦਾਂ ਸੰਬੰਧੀ ਅਤੇ ਇਲਾਜ ਸੰਬੰਧੀ ਦੂਸਰੀਆਂ ਕਸਿਮਾਂ ਦੇ ਫੈਸਲੇ;
- ਖੁਰਾਕ, ਸੁਰੱਖਆਿ, ਰਹਾਿਇਸ਼ੀ ਇੰਤਜਾਮ, ਕਪੜੇ, ਸਫਾਈ ਅਤੇ ਦੂਸਰੇ ਮਲਿਦੇ ਜੁਲਦੇ ਨਜਿੀ ਮਾਮਲੇ; ਅਤੇ
- ਸੰਪਤੀ ਸੰਬੰਧੀ ਅਤੇ ਮਾਲੀ ਫੈਸਲੇ, ਜਵਿੇਂ ਕ ਿਬੈਂਕਗਿ, ਨਵਿੇਸ਼, ਘਰ ਵੇਚਣਾ ਜਾਂ ਖਰੀਦਣਾ, ਅਤੇ ਦੂਸਰੇ ਮਲਿਦੇ ਜੁਲਦੇ ਮਾਮਲੇ।

ਵਕਿਲਪਕ ਿਫੈਸਲਾ ਕਰਨ ਵਾਲਆਿਂ ਨੂੰ ਵੱਖ ਵੱਖ ਤਰੀਕਆਿਂ ਨਾਲ ਨਯਿੁਕਤ ਕੀਤਾ ਜਾ ਸਕਦਾ ਹੈ।

- ਇੱਕ ਵਅਿਕਤੀ ਕਸਿੇ ਹੋਰ ਨੂੰ ਉਨ੍ਹਾਂ ਵਾਸਤੇ ਫੈਸਲੇ ਕਰਨ ਲਈ ਨਯਿੁਕਤ ਕਰਦੇ ਹੋਏ "ਪਾਵਰ ਆਫ ਅਟੌਰਨੀ" ਬਣਾ ਸਕਦਾ ਹੈ।
- ਅਦਾਲਤ ਜਾਂ ਸਰਕਾਰ ਫੈਸਲੇ ਕਰਨ ਲਈ ਇੱਕ "ਗਾਰਡੀਅਨ" (ਸਰਪ੍ਰਸਤ) ਨੂੰ ਨਯਿੁਕਤ ਕਰ ਸਕਦੀ ਹੈ।
- ਜੇ ਇਲਾਜ ਬਾਰੇ ਫੈਸਲਾ ਜਰੂਰੀ ਹੈ ਅਤੇ ਅਜਹਿਾ ਕਰਨ ਲਈ ਕੋਈ ਪਾਵਰ ਆਫ ਅਟੌਰਨੀ ਜਾਂ ਗਾਰਡੀਅਨ ਨਹੀਂ ਹੈ, ਤਾਂ ਪਰਵਿਾਰ ਦੇ ਇੱਕ ਸਦੱਸ ਨੂੰ ਆਪਣੇ ਆਪ ਹੀ ਅਜਹਿਾ ਕਰਨ ਵਾਸਤੇ ਨਯਿੁਕਤ ਕੀਤਾ ਜਾਏਗਾ।

ਵਡੇਰੀ ਉਮਰ ਦੇ ਵਅਿਕਤੀ, ਜਨਿਾਂ ਨੂੰ ਡਮਿੇਨਸ਼ੀਆ ਹੋ ਜਾਂਦਾ ਹੈ, ਮਾਨਸਕਿ ਸਹਿਤ ਜਾਂ ਵਕਿਾਸ ਸੰਬੰਧੀ ਅਪੰਗਤਾਵਾਂ ਵਾਲੇ ਵਅਿਕਤੀ, ਅਜਹਿੇ ਵਅਿਕਤੀ ਜਨਿ੍ਹਾ ਨੂੰ ਦਮਿਾਗੀ ਸੱਟ ਲਗੀ ਹੈ,ਅਤੇ ਉਹ ਜਨਿਾਂ ਨੂੰ ਗੰਭੀਰ ਬੀਮਾਰੀਆਂ ਹਨ ਦੀ ਸੁਤੰਤਰ ਤਰੀਕੇ ਨਾਲ ਫੈਸਲੇ ਨਾ ਕਰ ਸਕਣ, ਭਾਵੇਂ ਥੋੜੇ ਜਾਂ ਜਆਿਦਾ ਸਮੇਂ ਲਈ, ਅਤੇ ਇੰਨਾ ਕਾਨੂੰਨਾਂ ਦੁਆਰਾ ਪ੍ਰਭਾਵਤਿ ਹੋਣ ਦੀ ਜਆਿਦਾ ਸੰਭਾਵਨਾ ਹੈ ਬਹੁਤ ਸਾਰੇ ਲੋਕ ਆਪਣੇ ਜੀਵਨ ਵੱਿਚ ਕਸਿੇ ਪੜਾਅ ਤੇ ਇੰਨਾਂ ਕਾਨੂੰਨਾਂ ਦੁਆਰਾ ਪ੍ਰਭਾਵਤਿ ਹੋਣਗੇ, ਭਾਵੇਂ ਇਸ ਲਈ ਕਉਿਂਕ ਿਉਹ ਸੁਤੰਤਰ ਰੂਪ ਨਾਲ ਫੈਸਲੇ ਕਰਨ ਦੇ ਕਾਬਲ ਨਹੀਂ ਹਨ, ਜਾਂ ਕਉਿਂਕ ਿਉਹ ਪਰਵਿਾਰ ਦੇ ਕਸਿੇ ਅਜਹਿੇ ਸਦੱਸ ਜਾਂ ਦੋਸਤ ਦੀ ਸਹਾਇਤਾ ਕਰ ਰਹੇ ਹਨ ਜਹਿੜਾ ਸੁਤੰਤਰ ਰੂਪ ਨਾਲ ਫੈਸਲੇ ਨਹੀਂ ਕਰ ਸਕਦਾ।

ਚਤਿਾਵਾਂ ਵਅਿਕਤ ਕੀਤੀਆਂ ਗਈਆਂ ਕ ਿਇਹ ਕਾਨੂੰਨ ਉਸ ਤਰ੍ਹਾਂ ਕੰਮ ਨਹੀਂ ਕਰ ਰਹੇ ਜਵਿੇਂ ਇੰਨਾਂ ਨੂੰ ਕਰਨਾ ਚਾਹੀਦਾ ਹੈ ; ਕ ਿਵਕਿਲਪਕ ਿਫੈਸਲਾ ਕਰਨ ਵਾਲੇ ਉਨ੍ਹਾਂ ਦੀਆਂ ਭੂਮਕਿਾਵਾਂ ਦਾ ਦੁਰਉਪਯੋਗ ਕਰ ਸਕਦੇ ਹਨ; ਕ ਿਲੋਕ ਅਨੁਚਤਿ ਢੰਗ ਨਾਲ ਆਪਣੇ ਫੈਸਲਆਿਂ ਤੇ ਨਯਿੰਤ੍ਰਣ ਗੁਆ ਸਕਦੇ ਹਨ; ਅਤੇ ਇਹ ਕ ਿਲੋਕਾਂ ਲਈ ਆਪਣੇ ਅਧਕਿਾਰ ਜਤਾਉਣਾ ਮੁਸ਼ਕਲ ਹੈ।

ਦ ਲੌ ਕਮੀਸ਼ਨ ਆਫ ਓਨਟਾਰਓਿ (ਐਲਸੀਓ) ਦੀ ਕਾਨੂੰਨੀ ਸਮਰੱਥਾ, ਫੈਸਲੇ ਕਰਨ ਅਤੇ ਸਰਪ੍ਰਸਤੀ ਤੇ ਅੰਤਰਮਿ ਰਪਿੋਰਟ ਕਾਨੂੰਨੀ ਸਮਰੱਥਾ, ਫੈਸਲੇ ਕਰਨ ਅਤੇ ਸਰਪ੍ਰਸਤੀ ਨਾਲ ਸੰਬੰਧਤ ਕਾਨੂੰਨਾਂ, ਨੀਤੀਆਂ ਅਤੇ ਪ੍ਰੋਗਰਾਮਾਂ ਵੱਿਚ ਪਰਵਿਰਤਨਾਂ ਲਈ 54 ਡਰਾਫਟ ਸਫਿਾਰਸ਼ਾਂ ਦਾ ਪ੍ਰਸਤਾਵ ਰੱਖਦੀ ਹੈ।

LCO
CDO

LAW COMMISSION OF ONTARIO
COMMISSION DU DROIT DE L'ONTARIO

# ਕਾਨੂੰਨ ਬਾਰੇ ਚਿੰਤਾਵਾਂ

ਕਾਨੂੰਨ ਦੁਆਰਾ ਸਿੱਧੇ ਤੌਰ ਕੇ ਪ੍ਰਭਾਵਿਤ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਆਪਣੇ ਹੱਕਾਂ ਨੰ ਲਾਗੂ ਕਰਨ ਜਾਂ ਝਗੜੇ ਨਿਪਟਾਉਣ ਵਿੱਚ ਮੁਸ਼ਕਲ ਹੋ ਸਕਦੀ ਹੈ,ਕਿਉਂਕਿ ਅਦਾਲਤ ਵਿੱਚ ਅਧਾਰਤ ਉਹ ਸਿਸਟਮ, ਜਿਹੜਾ ਪਾਵਰਜ਼ ਆਫ ਅਟੌਰਨੀ ਜਾਂ ਸਰਪ੍ਰਸਤੀ ਨਾਲ ਸੰਬੰਧਤ ਮੁੱਦਿਆਂ ਨੂੰ ਸੰਬੋਧਤ ਕਰਦਾ ਹੈ ਨੂੰ ਮਹਿੰਗਾ, ਜਟਿਲ ਅਤੇ ਡਰਾਉਣ ਵਾਲਾ ਸਮਝਿਆ ਜਾਂਦਾ ਹੈ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

- ਇੰਨਾਂ ਮਾਮਲਿਆਂ ਬਾਰੇ ਫੈਸਲਿਆਂ ਨੂੰ ਅਦਾਲਤ ਤੋਂ ਦੂਰ ਇੱਕ ਪ੍ਰਸ਼ਾਸਨਿਕ ਟ੍ਰਾਈਬਿਊਨਲ, ਕੰਨਸੈਂਟ ਐਂਡ ਕਪੈਸਿਟੀ ਬੋਰਡ, ਕੋਲ ਟ੍ਰਾਂਸਫਰ ਕਰਨਾ;
- ਕੰਨਸੈਂਟ ਐਂਡ ਕਪੈਸਿਟੀ ਬੋਰਡ ਨੂੰ ਇਸ ਖੇਤਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸੁਧਾਰਨਾ;
- ਵਿਅਕਤੀਆਂ ਲਈ ਉਪਲਬਧ ਸਹਾਰਿਆਂ, ਜਿਵੇਂ ਕਿ ਲੀਗਲ ਏਡ ਅਤੇ "ਸੈਕਸ਼ਨ 3 ਕਾਉਂਸਲ" ਨੂੰ ਮਜ਼ਬੂਤ ਕਰਨਾ ;
- ਵਿਚੋਲਗਿਰੀ ਦੇ ਵਿਸ਼ਿਸ਼ਟ ਪ੍ਰੋਗਰਾਮਾਂ ਲਈ ਸੰਭਾਵਨਾਵਾਂ ਦੀ ਪੜਤਾਲ ਕਰਨਾ; ਅਤੇ
- ਜਾਂਚ ਪੜਤਾਲ ਪੂਰੀ ਕਰ ਲੈਣ ਤੋਂ ਬਾਅਦ ਪਬਲਿਕ ਗਾਰਡੀਅਨ ਅਤੇ ਟ੍ਰਸਟੀ ਨੂੰ ਹੋਰ ਜਿਆਦਾ ਵਿਕਲਪ ਦੇਣਾ।

---

ਕਾਨੂੰਨ ਦੇ ਨਾਲ ਵਾਸਤਾ ਰੱਖਣ ਵਾਲੇ ਬਹੁਤ ਸਾਰੇ ਲੋਕ ਉਸ ਨੂੰ ਸਮਝਦੇ ਨਹੀਂ ਹਨ। ਇਸ ਵਿੱਚ ਸਿਰਫ ਸਿੱਧੇ ਤੌਰ ਤੇ ਪ੍ਰਭਾਵਿਤ ਲੋਕ ਅਤੇ ਉਨ੍ਹਾਂ ਦੇ ਪਰਿਵਾਰ ਹੀ ਸ਼ਾਮਲ ਨਹੀਂ ਹਨ ਪਰ ਉਹ ਪੇਸ਼ੇਵਰ ਅਤੇ ਸੇਵਾ ਪ੍ਰਦਾਨ ਕਰਨ ਵਾਲੇ ਵੀ ਹਨ ਜਿੰਨਾਂ ਨੇ ਕਾਨੂੰਨ ਨੂੰ ਲਾਗੂ ਕਰਨਾ ਹੁੰਦਾ ਹੈ। ਇਹ ਕਈ ਕਾਰਨਾਂ ਵਿੱਚੋਂ ਇੱਕ ਹੈ ਕਿ ਕਾਨੂੰਨ ਨੂੰ ਹਮੇਸ਼ਾ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾਂਦਾ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

- ਕਾਨੂੰਨ ਵਿੱਚ ਇਸ ਖੇਤਰ ਵਿੱਚ ਜਾਣਕਾਰੀ ਅਤੇ ਸਿੱਖਿਆ ਦੇ ਵਿਕਾਸ ਦਾ ਸਮਾਯੋਜਨ ਕਰਨ ਲਈ ਸਪਸ਼ਟ ਭੂਮਿਕਾ ਵਾਲੀ ਸੰਸਥਾ ਦੀ ਪਛਾਣ ਕਰਨਾ;
- ਜਾਣਕਾਰੀ ਲਈ ਇੱਕ ਕੇਂਦਰੀ ਕਲੀਅਰਿੰਗਹਾਊਸ ਬਣਾਉਣਾ;
- ਹੈਲਥ ਕੇਅਰ ਕੰਨਸੈਂਟ ਐਕਟ ਹੇਠ ਸਿੱਧੇ ਤੌਰ ਤੇ ਪ੍ਰਭਾਵਿਤ ਹੋਣ ਵਾਲੇ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਜਾਣਕਾਰੀ ਦਿੱਤੇ ਜਾਣ ਦੇ ਇੰਤਜ਼ਾਮ ਨੂੰ ਮਜ਼ਬੂਤ ਕਰਨਾ;
- ਸਿਹਤ ਨਿਯੰਤਰਕ ਕਾਲਜਾਂ ਅਤੇ ਪੇਸ਼ੇਵਰ ਸਿੱਖਿਆ ਸੰਸਥਾਵਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨਾ; ਅਤੇ
- ਕਾਨੂੰਨ ਦੇ ਉਨ੍ਹਾਂ ਖੇਤਰਾਂ ਨੂੰ ਸਪਸ਼ਟ ਕਰਨਾ ਜਿੱਥੇ ਉਲਝਣ ਹੈ।

---

ਹੈਲਥ ਕੇਅਰ ਕੰਨਸੈਂਟ ਐਕਟ ਹੇਠ ਕਾਨੂੰਨੀ ਸਮਰੱਥਾ ਦੇ ਮੁਲਾਂਕਣਾਂ ਦੀ ਗੁਣਵੱਤਾ ਬਾਰੇ ਚਿੰਤਾਵਾਂ ਹਨ, ਇਸ ਲਈ ਲੋਕਾਂ ਨੂੰ ਗਲਤੀ ਨਾਲ ਫੈਸਲਾ ਕਰਨ ਦੇ ਅਸਮਰਥ ਜਾਂ ਫੈਸਲਾ ਕਰਨ ਦੇ ਕਾਬਲ ਪਾਇਆ ਜਾ ਸਕਦਾ ਹੈ। ਜਦੋਂ ਕਿਸੇ ਵਿਅਕਤੀ ਨੂੰ ਕਾਨੂੰਨੀ ਤੌਰ ਤੇ ਫੈਸਲਾ ਕਰਨ ਦੇ ਅਸਮਰਥ ਪਾਇਆ ਜਾਂਦਾ ਹੈ, ਤਾਂ ਸੰਭਵ ਹੈ ਕਿ ਉਨ੍ਹਾਂ ਨੂੰ ਉਚਿਤ ਢੰਗ ਨਾਲ ਉਨ੍ਹਾਂ ਦੇ ਹੱਕਾਂ ਬਾਰੇ ਨਾ ਦੱਸਿਆ ਜਾਏ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

- ਸਮਰੱਥਾ ਦਾ ਮੁਲਾਂਕਣ ਕਰਨ ਲਈ ਦਫ਼ਤਰੀ ਸੇਧਾਂ ਅਤੇ ਹੱਕਾਂ ਸੰਬੰਧੀ ਜਾਣਕਾਰੀ ਮੁਹੱਈਆ ਕਰਨ ਲਈ ਨਿਮਨਤਮ ਮਿਆਰਾਂ ਸਿਰਜਣੀਆਂ;
- ਜਿੰਨਾਂ ਨੂੰ ਸਭ ਤੋਂ ਜਿਆਦਾ ਲੋੜ ਹੈ ਉਨ੍ਹਾਂ ਲਈ ਮਾਹਰ ਅਤੇ ਸੁਤੰਤਰ ਸਲਾਹ ਮੁਹੱਈਆ ਕਰਨ ਦੇ ਢੰਗਾਂ ਦੀ ਪੜਚੋਲ ਕਰਨਾ;
- ਇਸ ਖੇਤਰ ਵਿੱਚ ਬਿਹਤਰ ਦੇਖਭਾਲ ਅਤੇ ਨਿਗਰਾਨੀ ਮੁਹੱਈਆ ਕਰਨ ਲਈ ਮੌਜੂਦਾ ਸੰਸਥਾਵਾਂ ਨੂੰ ਵਰਤਣਾ; ਅਤੇ
- ਇਹ ਦੇਖਣ ਲਈ ਇੰਨਾਂ ਪਰਿਵਰਤਨਾਂ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ ਕਿ ਕੀ ਸਮੱਸਿਆ ਨੂੰ ਦਰੁਸਤ ਕਰਨ ਲਈ ਹੋਰ ਜਿਆਦਾ ਕਰਨ ਦਾ ਲੋੜ ਹੈ।

---

ਇਹ ਮਹੱਤਵਪੂਰਨ ਹੈ ਕਿ ਲੋਕ ਆਪਣੇ ਜੀਵਨਾਂ ਉੱਤੇ ਜਿੰਨਾਂ ਜਿਆਦਾ ਸੰਭਵ ਹੋਏ ਨਿਯੰਤ੍ਰਣ ਕਾਇਮ ਰੱਖਣ, ਅਤੇ ਇਹ ਕਿ ਫੈਸਲੇ ਕਰਨ ਦਾ ਹੱਕ ਉਸ ਵੇਲੇ ਤੱਕ ਨਾ ਹਟਾ ਲਿਆ ਜਾਏ ਜਦੋਂ ਤੱਕ ਕਿ ਉਹ ਬਿਲਕੁਲ ਜ਼ਰੂਰੀ ਨਾ ਹੋਏ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

- ਕਿ ਸੇਵਾ ਪ੍ਰਦਾਨ ਕਰਨ ਵਾਲੇ ਅਤੇ ਉਹ ਜਿਹੜੇ ਮੁਲਾਂਕਣ ਕਰਦੇ ਹਨ ਉਨ੍ਹਾਂ ਦੀਆਂ ਲੋੜਾਂ ਲਈ ਸੁਵਿਧਾ ਕਰਨ ਜਿੰਨਾਂ ਕੋਲ ਸੁਤੰਤਰ ਰੂਪ ਨਾਲ ਫੈਸਲੇ ਕਰਨ ਦੀ ਸਮਰੱਥਾ ਦੀ ਕਮੀ ਹੋ ਸਕਦੀ ਹੈ ;
- ਜਿੱਥੇ ਇੱਕ ਵਿਕਲਪਿਕ ਫੈਸਲਾ ਕਰਨ ਵਾਲੇ ਨੂੰ ਨਿਯੁਕਤ ਕੀਤਾ ਗਿਆ ਹੈ, ਇਹ ਸਪਸ਼ਟ ਹੋਏ ਕਿ ਉਸ ਵਿਅਕਤੀ ਦੀਆਂ ਕਦਰਾਂ – ਕੀਮਤਾਂ ਅਤੇ ਇੱਛਾਵਾਂ ਵਲ ਧਿਆਨ ਦਿੱਤਾ ਜਾਏ ਜਿਸ ਲਈ ਉਹ ਫੈਸਲੇ ਕਰ ਰਹੇ ਹਨ;



• ਕਿ ਅਜਿਹਾ ਵਿਕਲਪ ਸਿਰਜਿਆ ਜਾਏ ਜਿਹੜਾ ਵਿਅਕਤੀਆਂ ਨੂੰ ਉਨ੍ਹਾਂ ਦੇ ਲਈ ਫੈਸਲੇ ਕਰਨ ਦੀ ਬਜਾਏ ਫੈਸਲੇ ਕਰਨ ਵਿੱਚ ਉਨ੍ਹਾਂ ਮਦਦ ਕਰਨ ਲਈ ਕਿਸੇ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦੇਵੇ ;
• ਕਿ ਸਰਪ੍ਰਸਤ ਨਿਯੁਕਤ ਕਰਨ ਵੇਲੇ, ਇਸ ਵਲ ਜ਼ਿਆਦਾ ਧਿਆਨ ਦਿੱਤਾ ਜਾਏ ਕਿ ਕੀ ਕੋਈ ਹੋਰ, ਘੱਟ ਦਖਲ ਦੇਣ ਵਾਲੇ ਵਿਕਲਪ ਹਨ;
• ਕਿ ਕੀ ਸਰਪ੍ਰਸਤ ਜ਼ਰੂਰੀ ਹੈ ਦੀ ਨਿਯਮਿਤ ਸਮੀਖਿਆ ਲਈ ਬਿਹਤਰ ਮੌਕੇ ਹੋਣ; ਅਤੇ
• ਕਿ ਜ਼ਿਆਦਾ ਸੀਮਿਤ ਸਰਪ੍ਰਸਤ ਨਿਯੁਕਤ ਕੀਤੇ ਜਾਣਾ ਸੰਭਵ ਹੋਏ; ਉਦਾਹਰਣ ਲਈ, ਕੇਵਲ ਇੱਕ ਹੀ ਫੈਸਲਾ ਕਰਨ ਲਈ।

---

ਬਹੁਤ ਲੋਕ ਚਿੰਤਾਵਾਂ ਵਿਅਕਤ ਕਰਦੇ ਹਨ ਕਿ ਪਾਵਰ ਆਫ ਅਟੌਰਨੀ ਹੇਠ ਨਿਯੁਕਤ ਕੀਤੇ ਗਏ ਵਿਅਕਤੀ ਇਸ ਨਿਯੁਕਤੀ ਦਾ ਦੁਰਉਪਯੋਗ ਜਾਂ ਉਸ ਦੀ ਦੁਰਵਰਤੋਂ ਵੀ ਕਰ ਸਕਦੇ ਹਨ, ਉਦਾਹਰਣ ਲਈ, ਵਿਅਕਤੀ ਦੀ ਪੂੰਜੀ ਜਾਂ ਸੰਪਤੀ ਨੂੰ ਆਪਣੇ ਲਾਭ ਲਈ ਨਾਵਾਜਬ ਢੰਗ ਨਾਲ ਵਰਤਣ ਲਈ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

• ਜਦੋਂ ਇੱਕ ਵਿਅਕਤੀ ਪਾਵਰ ਆਫ ਅਟੌਰਨੀ ਹੇਠ ਕੰਮ ਕਰਨਾ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇੱਕ ਵਚਨਬੱਧਤਾ ਬਿਆਨ ਤੇ ਹਸਤਾਖਰ ਕਰਨ ਦੀ ਲੋੜ ਹੋਏਗੀ ਜਿਹੜੀ ਕਾਨੂੰਨ ਦੇ ਹੇਠ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਤੇ ਉਨ੍ਹਾਂ ਨੂੰ ਪੂਰਾ ਨਾ ਕਰਨ ਦੇ ਅੰਜਾਮਾਂ ਨੂੰ ਸਵੀਕਾਰ ਕਰਦਾ ਹੈ;
• ਜਦੋਂ ਇੱਕ ਵਿਅਕਤੀ ਪਾਵਰ ਆਫ ਅਟੌਰਨੀ ਹੇਠ ਕੰਮ ਕਰਨਾ ਸ਼ੁਰੂ ਕਰਦਾ ਹੈ, ਤਾਂ ਉਹ ਪਾਵਰ ਆਫ ਅਟੌਰਨੀ ਵਿੱਚ ਦੱਸੇ ਗਏ ਲੋਕਾਂ ਨੂੰ ਨੋਟਿਸ ਆਫ ਅਟੌਰਨੀ ਐਕਟਿੰਗ ਪਹੁੰਚਾਏ; ਅਤੇ
• ਪਾਵਰ ਆਫ ਅਟੌਰਨੀ ਬਣਾਉਣ ਵਾਲੇ ਵਿਅਕਤੀਆਂ ਕੋਲ ਸਪਸ਼ਟ ਦੱਸੇ ਗਏ ਅਧਿਕਾਰਾਂ ਅਤੇ ਡਿਊਟੀਆਂ ਦੇ ਨਾਲ ਇੱਕ "ਮਾਨੀਟਰ" ਵੀ ਨਿਯੁਕਤ ਕਰਨ ਦਾ ਵਿਕਲਪ ਹੋਏ, ਜਿਸਦੀ ਭੂਮਿਕਾ ਇਹ ਯਕੀਨੀ ਬਣਾਉਣ ਲਈ ਵਾਜਬ ਕੋਸ਼ਿਸ਼ਾਂ ਕਰਨਾ ਹੈ ਕਿ ਨਿਯੁਕਤ ਕੀਤਾ ਗਿਆ ਵਿਅਕਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰ ਰਿਹਾ ਹੈ।

ਜਿਵੇਂ ਸਮਾਜ ਬਦਲ ਰਿਹਾ ਹੈ, ਘੱਟ ਲੋਕਾਂ ਦੇ ਅਜਿਹੇ ਪਰਿਵਾਰ ਜਾਂ ਦੋਸਤ ਹਨ ਜਿਹੜੇ ਵਿਕਲਪਿਕ ਫੈਸਲਾ ਕਰਨ ਵਾਲਿਆਂ ਦੀ ਤਰ੍ਹਾਂ ਕੰਮ ਕਰਨ ਲਈ ਰਜ਼ਾਮੰਦ ਅਤੇ ਕਾਬਲ ਹਨ, ਅਤੇ ਜਿੰਨ੍ਹਾਂ ਕੋਲ ਅਜਿਹਾ ਕਰਨ ਲਈ ਕੁਸ਼ਲਤਾਵਾਂ ਹਨ। ਵਰਤਮਾਨ ਸਮੇਂ ਤੇ, ਜਿੱਥੇ ਇਹ ਕੇਸ ਹੈ, ਪਬਲਿਕ ਗਾਰਡੀਅਨ ਐਂਡ ਟ੍ਰੱਸਟੀ ਇਹ ਭੂਮਿਕਾ ਨਿਭਾ ਸਕਦਾ ਹੈ।

ਅੰਤਰਿਮ ਰਿਪੋਰਟ ਪ੍ਰਸਤਾਵ ਰੱਖਦੀ ਹੈ:

• ਵਿਅਕਤੀਆਂ ਨੂੰ ਪਰਿਵਾਰ ਦੇ ਉਹ ਸਦੱਸ ਸਪਸ਼ਟ ਕਰਨ ਦੀ ਇਜਾਜ਼ਤ ਦੇਣਾ ਜਿੰਨ੍ਹਾਂ ਨੂੰ ਉਹ ਨਹੀਂ ਚਾਹੁੰਦੇ ਹਨ ਕਿ ਹੈਲਥ ਕੇਅਰ ਕੰਨਸੈਂਟ ਐਕਟ ਦੇ ਹੇਠ ਆਪਣੇ ਆਪ ਹੀ ਨਿਯੁਕਤ ਕਰ ਦਿੱਤਾ ਜਾਏ;
• ਪਬਲਿਕ ਗਾਰਡੀਅਨ ਐਂਡ ਟੱਸਟੀ ਦੀ ਭੂਮਿਕਾ ਨੂੰ ਉਨ੍ਹਾਂ ਲੋਕਾਂ ਲਈ ਮਾਹਰ ਅਤੇ ਭਰੋਸੇਯੋਗ ਸੇਵਾਵਾਂ ਪ੍ਰਦਾਨ ਕਰਨ ਲਈ ਕੇਂਦਰਿਤ ਕੀਤਾ ਜਾਏ ਜਿੰਨ੍ਹਾਂ ਦੀ ਸੇਵਾ ਦੂਸਰੇ ਵਿਕਲਪਾਂ ਦੁਆਰਾ ਨਹੀਂ ਕੀਤੀ ਜਾ ਸਕਦੀ, ਭਾਵੇਂ ਉਨ੍ਹਾਂ ਦੇ ਸਮਾਜਕ ਵੱਖਰੇਵੇਂ, ਉਨ੍ਹਾਂ ਦੇ ਪਰਿਵਾਰਕ ਡਾਇਨੈਮਿਕਸ, ਜਾਂ ਉਨ੍ਹਾਂ ਦੀਆਂ ਲੋੜਾਂ ਦੀ ਚੁਨੌਤੀਪੂਰਣ ਪ੍ਰਕਰਿਤੀ ਕਰਕੇ;
• ਪੜਚੋਲ ਕਰਨਾ ਕਿ ਕੀ ਸਮਾਜਕ ਸੰਸਥਾਵਾਂ ਰੋਜ਼ ਦੇ ਫੈਸਲੇ ਕਰਨ ਵਿੱਚ ਭੂਮਿਕਾ ਨਿਭਾ ਸਕਦੀਆਂ ਹਨ ; ਅਤੇ
• ਪੜਚੋਲ ਕਰਨਾ ਕਿ ਕੀ ਸਰਕਾਰ ਵਾਸਤੇ ਪੇਸ਼ੇਵਰ ਪ੍ਰਤੀਨਿਧੀਆਂ ਦੇ ਲਈ, ਉਚਿਤ ਹਿਫਾਜ਼ਤਾਂ ਅਤੇ ਨਿਗਾਹਬਾਨੀ ਦੇ ਨਾਲ, ਇੱਕ ਲਸੰਸ ਦੇਣ ਵਾਲੀ ਅਤੇ ਨਿਯੰਤ੍ਰਕ ਸਕੀਮ ਬਣਾਉਣਾ ਸੰਭਵ ਹੈ।

ਅਸੀਂ ਮੰਨਦੇ ਹਾਂ ਕਿ ਪਰਿਵਰਤਨਾਂ ਦੇ ਕਾਮਯਾਬ ਹੋਣ ਦੀ ਜ਼ਿਆਦਾ ਸੰਭਾਵਨਾ ਤਾਂ ਹੈ ਜੇ ਉਹ ਪ੍ਰਭਾਵਿਤ ਹੋਣ ਵਾਲਿਆਂ ਦੇ ਨਾਲ ਵਿਆਪਕ ਸਲਾਹ ਮਸ਼ਵਰਿਆਂ ਤੇ ਅਧਾਰਤ ਹੋਣ। ਸਾਡੇ ਪ੍ਰਸਤਾਵਾਂ ਨੂੰ ਵਿਕਸਿਤ ਕਰਨ ਵਿੱਚ ਅਸੀਂ ਵਡੇਰੀ ਉਮਰ ਦੇ ਲੋਕਾਂ ਅਤੇ ਅਪੰਗਤਾਵਾਂ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਸਿਹਤ ਸੰਭਾਲ ਕਰਮਚਾਰੀਆਂ, ਵਕੀਲਾਂ, ਜੱਜਾਂ, ਸਰਕਾਰ, ਸਮਾਜਕ ਸੰਸਥਾਵਾਂ, ਸੇਵਾ ਪ੍ਰਦਾਨ ਕਰਨ ਵਾਲਿਆਂ, ਪੱਖ-ਪੂਰਕਾਂ ਅਤੇ ਦੂਸਰਿਆਂ ਨਾਲ ਸਲਾਹ ਮਸ਼ਵਰਾ ਕੀਤਾ। ਜੇ ਸਾਡੇ ਪ੍ਰਸਤਾਵਾਂ ਬਾਰੇ ਤੁਹਾਡੀਆਂ ਕੋਈ ਟਿੱਪਣੀਆਂ ਹਨ, ਤਾਂ ਅਸੀਂ ਕਿਰਪਾ ਕਰਕੇ ਸਾਨੂੰ ਦੱਸੋ। ਜੇ ਤੁਸੀਂ ਟਿੱਪਣੀ ਦੇਣਾ ਪਸੰਦ ਕਰੋਗੇ, ਤਾਂ ਕਿਰਪਾ ਕਰਕੇ "ਸ਼ੇਅਰ ਯੌਰ ਫੀਡਬੈਕ" ("Share Your Feedback") http://www.lco-cdo.org/en/capacity-guardianship-interim-report-share-your-feedback ਤੇ ਦੇਖੋ ਕਿਵੇਂ।





ਐਲਸੀਓ ਦੀ ਕਾਨੂੰਨੀ ਸਮਰੱਥਾ, ਫੈਸਲੇ ਕਰਨ ਅਤੇ ਸਰਪ੍ਰਸਤੀ ਤੇ ਅੰਤਰਮਿ ਰਪਿੋਰਟ ਐਲਸੀਓ ਦੇ ਦੂਸਰੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦੇ ਨਾਲ www.lco-cdo.org ਤੇ ਆਨਲਾਇਨ ਉਪਲਬਧ ਹੈ।


ਲੌ ਕਮੀਸ਼ਨ ਆਫ ਓਨਟਾਰਓਿ ਲਈ ਧੰਨ ਰਾਸ਼ੀ ਇੰਨਾਂ ਦੁਆਰਾ ਦੱਤਿੀ ਜਾਂਦੀ ਹੈ:

The Law Foundation of Ontario
Building a better foundation for justice in Ontario

Ontario

OSGOODE
OSGOODE HALL LAW SCHOOL
YORK UNIVERSITY

LET RIGHT PREVAIL
The Law Society of Upper Canada
Barreau du Haut-Canada

ਅਤੇ ਇੰਨਾਂ ਥਾਵਾਂ ਤੇ ਫੈਕਲਟੀਜ਼ ਆਫ ਲੌ ਦੁਆਰਾ ਹਮਿਾਇਤ ਕੀਤੀ ਜਾਂਦੀ ਹੈ:

ਲੇਕਹੈਡ ਯੂਨੀਵਰਸਟਿੀ, ਕਵੀਨਜ਼ ਯੂਨੀਵਰਸਟਿੀ, ਯੂਨੀਵਰਸਟਿੀ ਆਫ ਔਟਵਾ (ਕਾਮਨ ਅਤੇ ਸਵਿਲ ਲੌ ਸੈਕਸ਼ਨਜ਼),
ਯੂਨੀਵਰਸਟਿੀ ਆਫ ਟੋਰੋਂਟੋ, ਯੂਨੀਵਰਸਟਿੀ ਆਫ ਵਡਿੰਜ਼ਰ ਅਤੇ ਵੈਸਟਰਨ ਯੂਨੀਵਰਸਟਿੀ
ਲੌ ਕਮੀਸ਼ਨ ਆਫ ਓਨਟਾਰਓਿ ਨੂੰ ਯੌਰਕ ਯੂਨੀਵਰਸਟਿੀ ਕੋਲੋਂ ਅਤਰਿਕਿਤ ਸਹਾਇਤਾ ਮਲਿਦੀ ਹੈ

ਲੌ ਕਮੀਸ਼ਨ ਆਫ ਓਨਟਾਰਓਿ ਦਾ ਪ੍ਰਕਾਸ਼ਨ, ਦਸਿੰਬਰ 2015